# ਜਮਾਤ-11ਵੀਂ
# ਪੰਜਾਬੀ ਚੋਣਵੀਂ

ਸਮਾਂ: 3 ਘੰਟੇ

ਲਿਖਤੀ ਪੇਪਰ= 80 ਅੰਕ
ਅੰਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | ਪੰਜਾਬੀ-ਕਾਵਿ:- ਆਧੁਨਿਕ-ਕਾਵਿ | 27 |
| 3. | ਪੰਜਾਬੀ ਵਾਰਤਕ :- ਸਫ਼ਰਨਾਮਾ-ਅੰਸ਼ | 17 |
| 4. | ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ | 14 |
| 5. | ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ | 17 |
| | ਕੁੱਲ ਅੰਕ | 80 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ) =80

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

ਪ੍ਰਸ਼ਨ ਨੰ:1 ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ 10 ਅੰਕਾਂ ਦੇ ਵਸਤੂ-ਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ।ਇਹ ਪ੍ਰਸ਼ਨ ਬਹੁ-ਚੋਣ, ਠੀਕ/ਗਲਤ, ਖ਼ਾਲੀ ਥਾਂਵਾਂ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦੇਣ ਵਾਲੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :

ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1

(ੳ) ਆਧੁਨਿਕ-ਕਾਵਿ: ਦੋ ਪ੍ਰਸ਼ਨ ਰਚਨਾ ਕਵੀ ਜਾਂ ਕਵੀ ਦੀ ਰਚਨਾ ਨਾਲ ਸੰਬੰਧਿਤ, ਦੋ ਪ੍ਰਸ਼ਨ ਪਾਠ-ਸਮਗਰੀ 'ਤੇ ਆਧਾਰਿਤ ਹੋਣਗੇ। 4 ਅੰਕ

(ਅ) ਅੱਖੀਂ ਡਿੱਠੀ ਦੁਨੀਆਂ: (ਇੱਕ ਪ੍ਰਸ਼ਨ ਸਫ਼ਰਨਾਮਾ-ਅੰਸ਼ ਦੇ ਲੇਖਕ/ਲੇਖਕ ਰਚਿਤ ਸਫ਼ਰਨਾਮਾ-ਅੰਸ਼ ਨਾਲ ਸੰਬੰਧਿਤ, ਦੂਜਾ ਪ੍ਰਸ਼ਨ ਸਫ਼ਰਨਾਮਾ-ਅੰਸ਼ਾਂ ਦੀ ਪਾਠ -ਸਮਗਰੀ 'ਤੇ ਆਧਾਰਿਤ ਹੋਵੇਗਾ। 2 ਅੰਕ

(ੲ) ਭਾਸ਼ਾ-ਬੋਧ: 4 ਅੰਕ

- ਇੱਕ ਪ੍ਰਸ਼ਨ ਭਾਸ਼ਾ ਦੀ ਬਣਤਰ ਜਾਂ ਵਿਸ਼ੇਸ਼ਤਾਵਾਂ ਭਾਸ਼ਾ ਦੇ ਮਹੱਤਵ ਨਾਲ ਸੰਬੰਧਿਤ।
- ਇੱਕ ਪ੍ਰਸ਼ਨ ਗੁਰਮੁਖੀ ਲਿਪੀ ਨਾਲ ਸੰਬੰਧਿਤ।
- ਦੋ ਪ੍ਰਸ਼ਨ ਉਪਭਾਸ਼ਾਈ ਸ਼ਬਦਾਵਲੀ ਨਾਲ ਸੰਬੰਧਿਤ ਹੋਣਗੇ। 10x1=10 ਅੰਕ

Scanned by CamScanner

ਪ੍ਰਸ਼ਨ ਨੰ:2 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਆਧੁਨਿਕ-ਕਾਵਿ ਵਿੱਚੋਂ ਚਾਰ ਬੰਦ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।
(ਹਰੇਕ ਵਿੱਚ 2 ਅੰਕ ਪ੍ਰਸੰਗ ਦੇ ਅਤੇ 3 ਅੰਕ ਵਿਆਖਿਆ ਦੇ ਹੋਣਗੇ) 5+5=10 ਅੰਕ

ਪ੍ਰਸ਼ਨ ਨੰ:3 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਵਿੱਚੋਂ ਕੋਈ ਦੋ ਰਚਨਾਵਾਂ ਦਾ ਸਿਰਲੇਖ ਅਤੇ ਕਵੀ ਦਾ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ ਨੰ: 4 'ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ "ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਭਾਗ ਵਿੱਚੋਂ ਕੋਈ 3 ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 9 ਅੰਕ

ਪ੍ਰਸ਼ਨ ਨੰ: 5 ਅੱਖੀਂ ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲੇ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4=8 ਅੰਕ

ਪ੍ਰਸ਼ਨ ਨੰ: 6 ਅੱਖੀਂ ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਤਿੰਨ ਸਫ਼ਰਨਾਮਾ-ਅੰਸ਼ ਦੇ ਕੇ ਕਿਸੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ ਨੰ: 7 'ਭਾਸ਼ਾ-ਬੋਧ' ਪਾਠ-ਪੁਸਤਕ ।ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਸੰਬੰਧਿਤ 6 ਪ੍ਰਸ਼ਨ ਪੁੱਛ ਕੇ ਕਿਸੇ 3 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4+4=12 ਅੰਕ

ਪ੍ਰਸ਼ਨ ਨੰ: 8 'ਭਾਸ਼ਾ-ਬੋਧ ਪਾਠ-ਪੁਸਤਕ ਵਿੱਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ

(ੳ) ਉਪਭਾਸ਼ਾਈ ਅੱਠ ਸ਼ਬਦ ਦੇ ਕੇ ਉਹਨਾਂ ਵਿੱਚੋਂ ਕਿਸੇ 5 ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਕਰਨ ਲਈ ਕਿਹਾ ਜਾਵੇਗਾ।

(ਅ) ਟਕਸਾਲੀ ਪੰਜਾਬੀ ਦੇ ਅੱਠ ਸ਼ਬਦ ਦੇ ਕੇ ਕਿਸੇ 5 ਦਾ ਉਪਭਾਸ਼ਾ ਵਿੱਚ ਮਿਲਦਾ ਰੂਪ ਪੁੱਛਿਆ ਜਾਵੇਗਾ।

(ੲ) ਕੋਈ 2 ਉਪ-ਭਾਸ਼ਾਈ ਰੂਪ ਦੇ ਕੇ ਕਿਸੇ ਇੱਕ ਉਪ-ਭਾਸ਼ਾ 'ਤੇ ਉਦਾਹਰਨਾ ਸਹਿਤ ਸੰਖੇਪ ਨੋਟ ਲਿਖਣ ਲਈ ਕਿਹਾ ਜਾਵੇਗਾ।

5+5+5=15 ਅੰਕ

# ਅੰਤਰਿਕ ਮੁਲਾਂਕਣ: 20 ਅੰਕ

**ਅੰਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਅੰਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>**ਅੱਖੀਂ ਡਿੱਠੀ ਦੁਨੀਆਂ** ਪੁਸਤਕ ਵਿੱਚੋਂ ਵੱਖ-ਵੱਖ ਸ੍ਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ- ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | 10 ਅੰਕ(2+4+4)<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰੱਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 ਅੰਕ |
| 3. | **ਭਾਸ਼ਾਈ ਸਮਰੱਥਾ** (ਸਰਵਣ/ਸੁਣਨ-ਯੋਗਤਾ):<br>ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 02 |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 |

Scanned by CamScanner

| | | |
|---|---|---|
| 5. | ਪੁਸਤਕਾਂ -**ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | | |
| | ਕੁੱਲ ਅੰਕ | 20 |

**ਪੰਜਾਬ ਸਕੂਲ ਸਿੱਖਿਆ ਬੋਰਡ** ਵੱਲੋਂ ਨਿਰਧਾਰਿਤ ਪਾਠ-ਪੁਸਤਕਾਂ:

1. ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)
2. ਅੱਖੀਂ ਡਿੱਠੀ ਦੁਨੀਆਂ
3. ਭਾਸ਼ਾ -ਬੋਧ

Scanned by CamScanner